


## ਭਾਰਤ ਵਿੱਚ ਕੋਰੋਨਾ ਵਾਈਰਸ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਅਮਰੀਕਾ ਨਾਲੋਂ 20 ਗੁਣਾ ਵਧੀਆ -ਅਮਿਤਾਭ ਕਾਂਤ

ਦਿੱਲੀ/ ਵੈੱਬ ਡੈਸਕ/ ਸੋਰਸ: ਇੰਟਰਨੈੱਟ



ਨੀਤੀ ਕਮਿਸ਼ਨ ਦੇ ਸੀ.ਈ.ਓ. ਅਮਿਤਾਭ ਕਾਂਤ ਨੇ ਵੀ ਟਵੀਟ ਕਰਕੇ ਦੱਸਿਆ ਕਿ ਸਾਡੀ ਸਥਿਤੀ ਅਮਰੀਕਾ ਨਾਲੋਂ ਕਿਤੇ ਚੰਗੀ ਹੈ। ਭਾਰਤ ਵਿੱਚ ਕੋਰੋਨਾ ਵਾਈਰਸ ਪੀੜਤਾਂ ਦੇ ਠੀਕ ਹੋਣ ਦੀ ਦਰ ਅਮਰੀਕਾ ਨਾਲੋਂ 20 ਗੁਣਾ ਵਧੀਆ ਹੈ।

ਇਹ ਕਿਹਾ ਜਾ ਰਿਹਾ ਹੈ ਕਿ ਭਾਰਤ ਵਿੱਚ ਸਹੀ ਸਮੇਂ ਕੋਰੋਨਾ ਦੇ ਸਬੰਧ 'ਚ ਜ਼ਰੂਰੀ ਕਦਮ ਚੁੱਕੇ ਗਏ ਹਨ। ਹਸਪਤਾਲਾਂ 'ਚ ਸਹੂਲਤਾਂ 'ਚ ਤੇਜ਼ੀ ਨਾਲ ਵਾਧਾ ਕੀਤਾ ਗਿਆ। ਇਸ ਕਾਰਨ ਕੋਰੋਨਾ ਲਾਗ ਦੇਰ ਨਾਲ ਫੈਲੀ ਅਤੇ ਸਿਹਤ ਸਹੂਲਤਾਂ ਪਹਿਲਾਂ ਹੀ ਉਪਲੱਬਧ ਹੋਣ ਕਾਰਨ ਸਹੀ ਇਲਾਜ ਮਿਲਿਆ। ਜਾਗਰੂਕਤਾ ਕਾਰਨ ਲੋਕ ਹਸਪਤਾਲਾਂ 'ਚ ਛੇਤੀ ਪਹੁੰਚੇ ਅਤੇ ਆਪਣਾ ਇਲਾਜ ਕਰਵਾਇਆ। ਭਾਰਤ 'ਚ ਨੌਜਵਾਨਾਂ ਦੀ ਗਿਣਤੀ ਵੱਧ ਅਤੇ ਉਨ੍ਹਾਂ ਦੀ ਇਮਿਊਨਿਟੀ ਸਿਸਟਮ ਮਜ਼ਬੂਤ ਹੋਣ ਕਾਰਨ ਵੀ ਬੀਮਾਰੀ ਨਾਲ ਮੁਕਾਬਲੇ 'ਚ ਮਦਦ ਮਿਲੀ ਹੈ।

ਉਨ੍ਹਾ ਦੱਸਿਆ ਕਿ ਅਮਰੀਕਾ 'ਚ ਜਦੋਂ ਕੋਰੋਨਾ ਵਾਈਰਸ ਦੇ ਪਾਜਟਿਵ ਕੇਸ 1 ਲੱਖ ਸੀ ਉਦੋਂ ਸਿਰਫ਼ 2% ਲੋਕ ਬਿਮਾਰੀ ਤੋਂ ਠੀਕ ਹੋਏ ਸਨ, ਜਦਕਿ ਭਾਰਤ 'ਚ ਲਗਭਗ 40% ਲੋਕ ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ। ਵਿਸ਼ਵ ਦੇ ਕਈ ਦੇਸ਼ਾਂ ਦੇ ਮੁਕਾਬਲੇ ਭਾਰਤ 'ਚ ਲੋਕਾਂ ਦੀ ਠੀਕ ਹੋਣ ਦੀ ਦਰ ਕਾਫ਼ੀ ਵੱਧ ਹੈ।

ਉਨ੍ਹਾਂ ਦੱਸਿਆ ਕਿ ਦੇਸ਼ 'ਚ ਪ੍ਰਤੀ 10 ਲੱਖ ਲੋਕਾਂ 'ਚੋਂ ਸਿਰਫ਼ 2 ਲੋਕਾਂ ਦੀ ਮੌਤ ਹੋ ਰਹੀ ਹੈ, ਜਦਕਿ ਅਮਰੀਕਾ 'ਚ ਇਹ ਗਿਣਤੀ 275 ਅਤੇ ਸਪੇਨ 'ਚ 591 ਹੈ। ਦੁਨੀਆਂ ਭਰ 'ਚ ਜੇ ਕੋਰੋਨਾ ਮਰੀਜ਼ਾਂ ਦੇ ਠੀਕ ਹੋਣ ਦੀ ਗੱਲ ਕਰੀਏ ਤਾਂ ਅਮਰੀਕਾ 'ਚ 2%, ਰੂਸ 'ਚ 11%, ਇਟਲੀ 'ਚ 14%, ਤੁਰਕੀ 'ਚ 18%, ਫਰਾਂਸ 'ਚ 21%, ਸਪੇਨ 'ਚ 22%, ਜਰਮਨੀ 'ਚ 29% ਅਤੇ ਭਾਰਤ 'ਚ ਕੋਰੋਨਾ ਦੇ 40% ਮਰੀਜ਼ ਹੁਣ ਤਕ ਠੀਕ ਹੋ ਚੁੱਕੇ ਹਨ।

## ਹੁਣ 11 ਅੰਕਾਂ ਦਾ ਹੋਵੇਗਾ ਤੁਹਾਡਾ ਮੋਬਾਇਲ ਨੰਬਰ

ਨਵੀਂ ਦਿੱਲੀ/ ਏਜੰਸੀ




ਇਸ ਸਮੇਂ ਸਾਡਾ ਮੋਬਾਈਲ ਨੰਬਰ 10 ਅੰਕ ਦਾ ਹੈ, ਪਰ ਹੁਣ ਇਹ 11 ਅੰਕਾਂ ਦਾ ਹੋ ਸਕਦਾ ਹੈ। ਟੈਲੀਕਾਮ ਰੈਗੂਲੇਟਰੀ ਆਫ਼ ਇੰਡੀਆ (TRAI) ਨੇ ਦੇਸ਼ ਵਿਚ 11 ਅੰਕਾਂ ਦੇ ਮੋਬਾਈਲ ਨੰਬਰ ਦੀ ਵਰਤੋਂ ਕਰਨ ਦਾ ਪ੍ਰਸਤਾਵ ਜਾਰੀ ਕੀਤਾ ਹੈ।

ਟਰਾਈ ਦੇ ਅਨੁਸਾਰ ਦੇਸ਼ ਵਿਚ 10 ਅੰਕ ਵਾਲੇ ਮੋਬਾਈਲ ਨੰਬਰ ਨੂੰ 11 ਅੰਕ ਵਾਲੇ ਮੋਬਾਈਲ ਨੰਬਰ ਦੀ ਥਾਂ ਨਾਲ ਵਧੇਰੇ ਨੰਬਰ ਪ੍ਰਦਾਨ ਕੀਤੇ ਜਾ ਸਕਦੇ ਹਨ।

TRAI ਨੇ ਆਪਣੇ ਪ੍ਰਸਤਾਵ ਵਿਚ ਇਹ ਵੀ ਕਿਹਾ ਹੈ ਕਿ ਜੇ ਦੇਸ਼ ਵਿਚ ਮੋਬਾਈਲ ਨੰਬਰ ਦਾ ਪਹਿਲਾ ਅੰਕ 9 ਰੱਖਿਆ ਜਾਂਦਾ ਹੈ ਤਾਂ 10 ਤੋਂ 11 ਅੰਕ ਵਾਲੇ ਮੋਬਾਈਲ ਨੰਬਰ 'ਤੇ ਸਵਿਚ ਕਰਨ ਨਾਲ ਦੇਸ਼ ਵਿਚ 1000 ਕਰੋੜ ਦੀ ਸੰਖਿਆ ਹੋਵੇਗੀ।


TRAI ਦੇ ਅਨੁਸਾਰ 70 ਪ੍ਰਤੀਸ਼ਤ ਵਰਤੋਂ ਅਤੇ ਮੌਜੂਦਾ ਨੀਤੀ ਨਾਲ 700 ਕਰੋੜ ਤੱਕ ਦੇ ਸੰਪਰਕ ਕਾਫ਼ੀ ਹਨ। ਇਸ ਤੋਂ ਇਲਾਵਾ TRAI ਨੇ ਨਿਰਧਾਰਤ ਲਾਈਨ ਤੋਂ ਕਾਲ ਕਰਨ ਵੇਲੇ ਮੋਬਾਈਲ ਨੰਬਰ ਦੇ ਸਾਹਮਣੇ '0' ਪਾਉਣ ਦੀ ਵੀ ਗੱਲ ਕਹੀ ਹੈ।

ਵਰਤਮਾਨ ਵਿਚ ਨਿਰਧਾਰਤ ਲਾਈਨ ਕਨੈਕਸ਼ਨਾਂ ਤੋਂ ਅੰਤਰ-ਸੇਵਾ ਖੇਤਰ ਮੋਬਾਈਲ ਕਾਲਾਂ ਕਰਨ ਲਈ ਪਹਿਲਾਂ '0' ਦੀ ਲੋੜ ਹੈ।

ਜਦੋਂ ਕਿ ਸ਼ੁਰੂ ਵਿਚ '0' ਲਗਾਏ ਬਗੈਰ ਮੋਬਾਈਲ ਲੈਂਡਲਾਈਨ ਤੋਂ ਇਕ ਕਾਲ ਵੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਕ ਨਵੀਂ ਰਾਸ਼ਟਰੀ ਨੰਬਰ ਬੰਦੀ ਯੋਜਨਾ ਵੀ ਸੁਝਾਈ ਗਈ ਹੈ, ਜੋ ਕਿ ਜਲਦੀ ਉਪਲੱਬਧ ਕਰਵਾ ਦਿੱਤੀ ਜਾਏਗੀ।

## ਹਥਨੀ ਨੂੰ ਪਟਾਕਾ ਖਵਾਕੇ ਮਾਰਿਆ, ਵੀਡੀਓ ਵਾਇਰਲ ਹੋਣ 'ਤੇ ਲੋਕਾਂ ਵਿੱਚ ਭੜਕਿਆ ਗੁੱਸਾ

### 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਇਸ ਘਟਨਾ ਦੀ ਪ੍ਰਜ਼ੋਰ ਸ਼ਬਦਾ ਵਿੱਚ ਨਿੰਦਾ



ਕੇਰਲਾ/ ਬਿਓਰੋ

ਬਹੁਤ ਸਾਰੇ ਲੋਕਾਂ ਨੇ ਕੇਰਲ ਵਿਚ ਗਰਭਵਤੀ ਹਥਨੀ ਦੀ ਮੌਤ 'ਤੇ ਆਪਣਾ ਗੁੱਸਾ ਅਤੇ ਅਫਸੋਸ ਜ਼ਾਹਰ ਕੀਤਾ ਹੈ। ਜਾਣਕਾਰੀ ਅਨੁਸਾਰ ਕੇਰਲਾ ਦੇ ਮਲੱਪੁਰਮ ਜ਼ਿਲੇ ਵਿਚ ਕੁੱਝ ਲੋਕਾਂ ਨੇ ਗਰਭਵਤੀ ਹਥਨੀ ਨੂੰ ਪਟਾਕੇ ਨਾਲ ਭਰੇ ਅਨਾਨਾਸ ਨੂੰ ਖੁਆਇਆ। ਜਿਸ ਦੇ ਬਾਅਦ ਉਸਦੇ ਮੂੰਹ ਵਿੱਚ ਪਟਾਕੇ ਫਟਣ ਕਾਰਨ ਉਸਦੀ ਮੌਤ ਹੋ ਗਈ।

ਹਥਨੀ ਨਾਲ ਵਾਪਰੀ ਇਸ ਭਿਆਨਕ ਘਟਨਾ ਨੂੰ ਨੀਲਾਮਪੁਰ ਦੇ ਬਲਾਕ ਜੰਗਲਾਤ ਅਧਿਕਾਰੀ ਮੋਹਨ ਕ੍ਰਿਸ਼ਨਨ ਨੇ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ ਹੈ। ਉਸ ਨੇ ਦੱਸਿਆ ਕਿ ਹਥਨੀ ਨੂੰ ਇੰਨਾ ਦਰਦ ਸੀ ਕਿ ਉਹ ਨਦੀ ਵਿਚ ਖੜ੍ਹੀ ਹੋ ਕੇ ਮਰ ਗਈ। ਉਸ ਨੇ ਲਿਖਿਆ ਕਿ ਇੱਕ ਭੁੱਖੀ ਗਰਭਵਤੀ ਹਥਨੀ ਭੋਜਨ ਦੀ ਭਾਲ ਵਿੱਚ ਜੰਗਲ ਵਿੱਚੋਂ ਭਟਕਿਆ ਰਿਹਾਇਸ਼ੀ ਖੇਤਰ ਵਿੱਚ ਪਹੁੰਚ ਗਈ ਸੀ। ਜਦੋਂ ਹਥਨੀ ਸੜਕ ਤੇ ਚੱਲ ਰਹੀ ਸੀ, ਤਦ ਇੱਕ ਵਿਅਕਤੀ ਨੇ ਵਿਸਫੋਟਕਾਂ ਨਾਲ ਭਰੇ ਅਨਾਨਾਸ ਨੂੰ ਖੁਆਇਆ, ਜਿਸ ਕਾਰਨ ਗਰਭਵਤੀ ਹਥਨੀ ਦੀ ਕਈ ਘੰਟੇ ਨਦੀ ਵਿੱਚ ਖੜ੍ਹੀ ਰਹਿਣ ਤੋਂ ਬਾਅਦ ਮੌਤ ਹੋ ਗਈ।

ਬਹੁੱਤ ਸਾਰੇ ਲੋਕ ਇਸ ਘਟਨਾ ਤੋਂ ਬਹੁਤ ਦੁਖੀ ਅਤੇ ਨਾਰਾਜ਼ ਹਨ। ਵਿਰਾਟ ਕੋਹਲੀ ਨੇ ਟਵੀਟ ਕਰਕੇ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਅਤੇ ਕਿਹਾ ਕਿ ਕੇਰਲ ਵਿਚ ਜੋ ਹੋਇਆ ਉਸ ਬਾਰੇ ਸੁਣ ਕੇ ਮੈਂ ਬਹੁਤ ਹੈਰਾਨ ਹਾਂ। ਟਾਟਾ ਸੰਨਜ਼ ਦੇ ਚੇਅਰਮੈਨ ਰਤਨ ਟਾਟਾ ਨੇ ਵੀ ਇਸ ਘਟਨਾ 'ਤੇ ਗੁੱਸਾ ਜ਼ਾਹਰ ਕੀਤਾ ਹੈ।

ਟਵਿੱਟਰ 'ਤੇ ਇਕ ਨੋਟ ਵਿਚ ਲਿਖਿਆ ਹੈ ਕਿ ਕੁਝ ਲੋਕਾਂ ਨੇ ਇਕ ਗਰਭਵਤੀ ਹਾਥੀ ਨੂੰ ਅਨਾਨਾਸ 'ਚ ਪਟਾਕੇ ਭਰ ਕੇ ਖਿਲਾ ਦਿੱਤੇ ਜਿਸ ਤੋਂ ਵਾਅਦ ਉਸਦੀ ਮੌਤ ਹੋ ਗਈ। ਇਹ ਵੈਸੀਆਨਾ ਹਰਕਤ ਨਿੰਦਣਯੋਗ ਹੈ। ਸਾਨੂੰ ਜਾਨਵਰਾਂ ਨਾਲ ਪਿਆਰ ਨਾਲ ਪੇਸ਼ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਵਿਰੁੱਧ ਅਜਿਹੀਆਂ ਕਾਇਰਾਨਾ ਕਾਰਵਾਈਆਂ ਨੂੰ ਬੰਦ ਕਰਨਾ ਚਾਹੀਦਾ ਹੈ।

ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਬਾਬੁਲ ਸੁਪ੍ਰੀਯੋ ਨੇ ਵੀ ਇਸ ਘਟਨਾ 'ਤੇ ਚਿੰਤਾ ਜ਼ਾਹਰ ਕੀਤੀ ਸੀ। ਉਨ੍ਹਾਂ ਕਿਹਾ ਕਿ ਕੇਰਲਾ ਕਾਂਡ ਬਾਰੇ ਜਿਹੜੀਆਂ ਤਸਵੀਰਾਂ ਅਤੇ ਵੀਡੀਓ ਸਾਹਮਣੇ ਆ ਰਹੇ ਹਨ, ਉਸ ਤੋਂ ਮੈਂ ਹੈਰਾਨ ਹਾਂ। ਅਸੀਂ ਇਸ ਘਟਨਾ ਦੀ ਵਿਸਥਾਰ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਖੁਦ ਜਾਨਵਰ ਪ੍ਰੇਮੀ ਹੋਣ ਦੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਨੂੰ ਯਕੀਨੀ ਬਣਾਵਾਂਗਾ।

ਦਿੱਗਜ ਭਾਰਤੀ ਆਫ ਸਪਿਨਰ ਹਰਭਜਨ ਸਿੰਘ ਨੇ ਇਸ ਘਟਨਾ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ। ਭਾਰਤੀ ਮਹਿਲਾ ਬੈਡਮਿੰਟਨ ਸਟਾਰ ਸਾਇਨਾ ਨੇਹਵਾਲ ਨੇ ਕਿਹਾ ਕਿ ਇਹ ਬਹੁਤ ਦੁਖੀ ਘਟਨਾ ਹੈ। ਉਸ ਨੇ ਲਿਖਿਆ ਕਿ ਇਹ ਜਾਣ ਕੇ ਬਹੁਤ ਦੁਖ ਹੋਇਆ। ਭਾਰਤੀ ਫੁੱਟਬਾਲ ਟੀਮ ਦੇ ਕਪਤਾਨ ਸੁਨੀਲ ਛੇਤਰੀ ਨੇ ਅਜਿਹੇ ਲੋਕਾਂ ਨੂੰ ਭੂਤ ਕਿਹਾ। ਉਸ ਨੇ ਕਿਹਾ ਕਿ ਉਹ ਇਕ ਮਾਸੂਮ ਗਰਭਵਤੀ ਹਾਥਣੀ ਸੀ। ਉਮੇਸ਼ ਯਾਦਵ ਨੇ ਕਿਹਾ ਕਿ ਗਰਭਵਤੀ ਹਾਥੀ ਨੂੰ ਪਟਾਕੇ ਨਾਲ ਭਰੇ ਅਨਾਨਾਸ ਖੁਆਇਆ। ਅਜਿਹੀ ਹਰਕਤ ਭੂਤ ਹੀ ਕਰ ਸਕਦੇ ਹਨ। ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

'ਮਹਿਕ ਵਤਨ ਦੀ ਲਾਈਵ' ਬਿਓਰੋ ਵੀ ਇਸ ਘਟਨਾ ਦੀ ਪ੍ਰਜ਼ੋਰ ਸ਼ਬਦਾ ਵਿੱਚ ਨਿੰਦਾ ਕਰਦਾ ਹੈ। ਮਾਸੂਮ ਜਾਨਵਰਾਂ ਨਾਲ ਅਜਿਹੀਆਂ ਅਪਰਾਧਿਕ ਕਾਰਵਾਈਆਂ ਮਨੁੱਖਾਂ ਨੂੰ ਮਾਰਨ ਦੇ ਬਰਾਬਰ ਹੀ ਹਨ। ਇਸ ਘਟਨਾ ਦਾ ਵੀ ਇਨਸਾਫ ਜ਼ਰੂਰ ਹੋਣਾ ਚਾਹੀਦਾ ਹੈ। ਵਾਤਾਵਰਣ ਮੰਤਰਾਲੇ ਨੇ ਵੀ ਇਸ ਘਟਨਾ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਘਟਨਾ ਦੀ ਪੂਰੀ ਰਿਪੋਰਟ ਮੰਗੀ ਹੈ। ਜੰਗਲਾਤ ਅਤੇ ਵਾਤਾਵਰਣ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਜੋ ਵੀ ਇਸ ਵਿਚ ਦੋਸ਼ੀ ਹੋਣਗੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।



## ਪਾਕਿ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ ਮਨਮੀਤ ਕੌਰ 100 ਪ੍ਰਭਾਵਸ਼ਾਲੀ ਸਿੱਖਾਂ ਵਿਚ ਹੋਈ ਸ਼ਾਮਲ

ਇਸਲਾਮਾਬਾਦ/ ਏਜੰਸੀ

ਯੂਕੇ ਦੀ ਇਕ ਵਿਸ਼ਵ ਵਿਆਪੀ ਸਿੱਖ ਸੰਸਥਾ ਨੇ ਪਾਕਿ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ ਨੂੰ 30 ਸਾਲ ਤੋਂ ਘੱਟ ਉਮਰ ਦੀਆਂ 100 ਸਭ ਤੋਂ ਪ੍ਰਭਾਵ ਸ਼ਾਲੀ ਸਿੱਖ ਸ਼ਖਸੀਅਤਾਂ ਵਿਚ ਸ਼ਾਮਲ ਕੀਤਾ ਹੈ। ਇਸ ਮਹਿਲਾ ਮਨਮੀਤ ਕੌਰ ਨੇ ਖੁਸ਼ੀ ਜ਼ਾਹਰ ਕੀਤੀ ਹੈ ਕਿ ਉਸ ਦਾ ਨਾਮ ਵਿਸ਼ਵ ਭਰ ਦੀਆਂ 100 ਪ੍ਰਭਾਵਸ਼ਾਲੀ ਸਿੱਖ ਸ਼ਖਸੀਅਤਾਂ ਦੀ ਵਿਚ ਸ਼ਾਮਲ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਮੇਰੇ ਪਰਿਵਾਰ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਉਹ ਬ੍ਰਿਟੇਨ ਦਾ ਦੌਰਾ ਕਰਨਗੇ ਅਤੇ ਪਾਕਿਸਤਾਨ ਦੀ ਨੁਮਾਇੰਦਗੀ ਕਰਨਗੇ। ਪਾਕਿਸਤਾਨ ਵਿਚ ਪੇਸ਼ਾਵਰ ਤੋਂ ਸਿੱਖ ਭਾਈਚਾਰੇ ਦੀ ਪਹਿਲੀ ਮਹਿਲਾ ਪੱਤਰਕਾਰ 25 ਸਾਲਾ ਮਨਮੀਤ ਕੌਰ ਨੂੰ ਯੂਕੇ ਵਿਚ ਇਕ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ।



ਯੂਕੇ ਵਿਚ 'ਦਿ ਸਿੱਖ ਗਰੁੱਪ' ਨੇ ਉਹਨਾਂ ਨੂੰ ਖੈਬਰ ਪਖਤੂਨਖਵਾ ਵਿਚ ਸਿੱਖ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਉਜਾਗਰ ਕਰਨ ਲਈ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ। ਉਹ ਅਗਲੇ ਸਾਲ ਬ੍ਰਿਟੇਨ ਵਿਚ ਇਕ ਸਮਾਰੋਹ ਦੌਰਾਨ ਆਪਣਾ ਪੁਰਸਕਾਰ ਪ੍ਰਾਪਤ ਕਰੇਗੀ।

ਮਨਮੀਤ ਕੌਰ ਨੇ ਦੱਸਿਆ ਕਿ 'ਦਿ ਸਿੱਖ ਗਰੁੱਪ' ਇਕ ਵਿਸ਼ਵ ਵਿਆਪੀ ਸੰਸਥਾ ਹੈ ਜੋ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਸਨਮਾਨਿਤ ਕਰਦੀ ਹੈ।

ਚਾਰੇ ਪਾਸੇ ਮਹਿਕਾਂ ਖਿਲਾਰਦਾ.... ਮੇਰਾ ਮੋਗਾ ਵਈ, ਮੇਰਾ ਮੋਗਾ ਲਿਸ਼ਕਾਂ ਮਾਰਦਾ।
ਸੁੱਖ ਰੱਖੀ ਮੇਰੇ ਪੰਜਾਬ ਨੂੰ ਸੁੱਖ ਰੱਖੀ ਮਾਲਕਾ... ਮਾਂ ਤੂੰ ਰੱਬ ਦਾ ਰੂਪ ਏ, ਰੱਬ ਤੇਰੇ ਵਿੱਚ ਵਸਦਾ।
ਲੋਕ ਚੇਤਨਾ ਕੇਂਦਰ
ਪ੍ਰੋ: ਗੀਤਕਾਰ ਜਗਤਾਰ ਸਿੰਘ ਪਰਮਿਲ
(ਮੈਰਿਜ ਸਲਾਹਕਾਰ) ਰਜਿ: ਨੰ. 8/40/179/7015
ਪਿੰਡ ਨਾਹਲ ਖੋਟੇ (ਡਾਕ ਤਾਰੇਵਾਲਾ) ਜਿਲ੍ਹਾ ਮੋਗਾ-142 001
Mob. 98556-88072, 88728-09846

MR. BEAT RECORDS
PREET MANRAAJ +91-78884-11773 (SINGER & MUSIC DIRECTOR)
DEV GILL +91-97800-04636 (SINGER & WRITER)
DEEP RANIA +91-98145-40017 (MUSIC DIRECTOR & WRITER)
RECORDING STUDIO
MIX & MASTERING
& MUSICAL CLASSES
E-mail: devgill340@gmail.com
GILL CHOWNK, GODHE WALA, MOGA